Punjab Government Gazette

EXTRAORDINARY

Published by Authority

CHANDIGARH, WEDNESDAY, DECEMBER 3, 2025 (AGRAHAYANA 12, 1947 SAKA)

ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ ਪੰਜਾਬ, ਚੰਡੀਗੜ੍ਹ

(ਮਿਉਂਸਪਲ ਚੋਣਾਂ ਸ਼ਾਖਾ)

ਅਧਿਸੂਚਨਾ

ਮਿਤੀ 3 ਦਸੰਬਰ, 2025

ਨੰਬਰ: 04/19/ਹਲਕਾਬੰਦੀ(ਸ-1)/ਮਚਸ਼/2025/173.- ਪੰਜਾਬ ਮਿਉਂਸਪਲ ਐਕਟ, 1911 (ਪੰਜਾਬ ਐਕਟ III ਆਫ 1911) ਦੀ ਧਾਰਾ 240 ਦੇ ਉਪਬੰਧਾਂ ਅਨੁਸਾਰ ਅਤੇ ਡਿਲੀਮੀਟੇਸ਼ਨ ਆਫ ਵਾਰਡਜ਼ ਆਫ ਮਿਉਂਸਪੈਲਟੀਜ ਰੂਲਜ, 1972 ਦੇ ਨਿਯਮ 8 ਅਧੀਨ ਇਸ ਤੋਂ ਪਹਿਲਾਂ ਇਸ ਸਬੰਧ ਵਿੱਚ ਜਾਰੀ ਕੀਤੇ ਹੁਕਮਾਂ ਦਾ ਅਧਿਲੰਘਣ ਕਰਦੇ ਹੋਏ ਹੇਠਾਂ ਲਿਖਿਆ ਨਿਯਮਾਂ ਦਾ ਖਰੜ੍ਹਾ ਜਿਨ੍ਹਾਂ ਨੂੰ ਬਨਾਉਣ ਲਈ ਪੰਜਾਬ ਦੇ ਰਾਜਪਾਲ ਤਜਵੀਜ ਕਰਦੇ ਹਨ ਅਤੇ ਇਸ ਸਬੰਧ ਵਿੱਚ ਆਪਣੀਆਂ ਸਮੂਹ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਗਰ ਕੌਂਸਲ ਦਸੂਹਾ, ਜਿਲ੍ਹਾ ਹੁਸ਼ਿਆਰਪੁਰ ਦੇ ਵਾਰਡਾਂ ਦੀ ਹਲਕਾਬੰਦੀ ਉਨ੍ਹਾਂ ਵਿਅਕਤੀਆਂ ਦੀ ਸੂਚਨਾ ਲਈ ਪ੍ਰਕਾਸ਼ਤ ਕਰਦੇ ਹਨ, ਜਿਨ੍ਹਾਂ ਤੇ ਇਸ ਦਾ ਅਸਰ ਪੈਣ ਦੀ ਸੰਭਾਵਨਾ ਹੋਵੇ। ਉਹ ਇਸ ਅਧਿਸੂਚਨਾ ਦੇ ਪ੍ਰਕਾਸ਼ਤ ਹੋਣ ਤੋਂ 7 ਦਿਨਾਂ ਦੇ ਪਿੱਛੋਂ ਨਿਮਨ ਅਨੁਸਾਰ ਖਰੜੇ ਤੇ ਪ੍ਰਾਪਤ ਉਨ੍ਹਾਂ ਇਤਰਾਜਾਂ/ ਸੁਝਾਵਾਂ ਤੇ ਵਿਚਾਰ ਕੀਤਾ ਜਾਵੇਗਾ ਜਿਹੜੇ ਨਿਯਮਾਂ ਦੇ ਖਰੜੇ ਸਬੰਧੀ ਕਿਸੇ ਵੀ ਅਸਰ ਸੰਭਾਵੀ ਵਿਅਕਤੀ ਵਲੋਂ ਉਕਤ ਅਨੁਸਾਰ ਮਿੱਥੇ ਸਮੇ ਅੰਦਰ ਸਬੰਧਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਰਾਹੀਂ ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਪ੍ਰਾਪਤ ਹੋਣਗੇ।

ਨਿਯਮਾਂ ਦਾ ਖਰੜਾ

ਨਗਰ ਕੌਂਸਲ ਦਸੂਹਾ, ਜਿਲ੍ਹਾ ਹੁਸ਼ਿਆਰਪੁਰ ਦੇ ਨਗਰਪਾਲਾਂ ਦੀ ਚੌਣ ਦੇ ਮਕਸਦ ਲਈ ਨਗਰ ਕੌਂਸਲ ਦਸੂਹਾ ਨੂੰ 15 ਵਾਰਡਾਂ ਵਿੱਚ ਵੰਡਿਆ ਜਾਵੇਗਾ ਜਿਨ੍ਹਾਂ ਵਿੱਚ 10 ਵਾਰਡ, ਜਿਨ੍ਹਾਂ ਦੇ ਪਿੱਛੇ ਬਰੈਕਟਾਂ ਅਤੇ ਸ਼ਬਦਾਂ ਵਿੱਚ:

1. ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ;
2. ਇਸਤਰੀ ਮੈਂਬਰਾਂ ਲਈ ਰਾਖਵਾਂ;
3. ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ;
4. ਪੱਛੜੀ ਸ਼੍ਰੇਣੀਆਂ ਦੇ ਮੈਂਬਰਾਂ ਲਈ ਰਾਖਵਾਂ;

ਲਿਖਿਆ ਹੋਵੇਗਾ ਕਿ ਉਹ ਵਾਰਡ ਉਨ੍ਹਾਂ ਕੈਟਾਗਰੀਆਂ ਨਾਲ ਸਬੰਧਤ ਮੈਂਬਰਾਂ ਲਈ ਰਾਖਵੇਂ ਹੋਣਗੇ ਵਾਰਡਾਂ ਦੀਆਂ ਹੱਦਾਂ ਦਾ ਵਰਨਣ ਨਾਲ ਲਗਾਈ ਅਨੁਸੂਚੀ ਵਿੱਚ ਕੀਤਾ ਜਾਂਦਾ ਹੈ।

ਨਗਰ ਕੌਂਸਲ, ਦਸੂਹਾ, ਜਿਲ੍ਹਾ ਹੁਸ਼ਿਆਰਪੁਰ ਦੇ ਵਾਰਡਾਂ ਦੀਆਂ ਹੱਦਾਂ ਦਾ ਵਰਣਨ ਦੱਸਦੀ ਅਨੁਸੂਚੀ

ਵਾਰਡ ਨੰਬਰ 1 (ਇਸਤਰੀ ਮੈਂਬਰ ਲਈ ਰਾਖਵਾਂ)

ਮਰਾਸਗੜ੍ਹ ਲਸੂੜੀ ਵਾਲਾ ਬਾਬਾ ਦੇ ਸੱਜੇ ਪਾਸੇ ਚੱਲਦੇ ਹੋਏ ਛਾਂਗਲਾ ਰੋਡ ਤੋਂ ਸਕਾਟਲੈਂਡ ਸਕੂਲ ਤੀਕ ਤੋਂ ਸੱਜੇ ਪਾਸੇ ਚੱਲਦੇ ਹੋਏ ਦਰਸ਼ਨ ਸਿੰਘ ਦੇ ਘਰ ਤੀਕ, ਦਰਸ਼ਨ ਸਿੰਘ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਆਟਾ ਚੱਕੀ ਤੀਕ, ਆਟਾ ਚੱਕੀ ਤੋਂ ਸੱਜੇ ਪਾਸੇ ਚੱਲਦੇ ਖੇਲਾ ਫਾਰਮ ਤੀਕ, ਖੇਲਾ ਫਾਰਮ ਤੋਂ ਸੱਜੇ ਪਾਸੇ ਚੱਲਦੇ ਹੋਏ ਕੈਰੇ ਪਾਰਟੀ ਹਾਲ ਤੋਂ ਕੱਚਾ ਟ੍ਰੀਟਮੈਂਟ ਪਲਾਂਟ ਵੱਲੋਂ ਚੱਲਦੇ ਹੋਏ ਮਿਆਣੀ ਰੋਡ ਤੀਕ, ਲਾਟੂ ਹਲਵਾਈ ਦੀ ਦੁਕਾਨ ਤੋਂ ਚੱਲਦੇ ਹੋਏ ਬਾਲਮੀਕ ਪਾਰਕ ਟੈਂਕੀ ਵਾਲਾ ਪਾਸਾ ਤੋਂ ਚੱਲਦੇ ਹੋਏ ਬਾਲਮੀਕ ਮੰਦਿਰ ਤੀਕ, ਬਾਲਮੀਕ ਮੰਦਿਰ ਵਾਲੇ ਪਾਸੇ ਤੋਂ ਚੱਲਦੇ ਹੋਏ ਮਹਾਜਨਾ ਮੁਹੱਲਾ ਗਲੀ ਤੀਕ, ਤੋਂ ਚੱਲਦੇ ਹੋਏ ਵਿਸ਼ਾਲ ਖੋਸਲਾ ਦੇ ਘਰ ਤੀਕ, ਵਿਸ਼ਾਲ ਖੋਸਲਾ ਦੇ ਘਰ ਤੋਂ ਚੱਲਦੇ ਹੋਏ ਸ਼ਹੀਦ ਪ੍ਰਸ਼ੋਤਮ ਲਾਲ ਬਿੱਟੂ ਰੋਡ ਤੋਂ ਰਿੰਕੂ ਦੇ ਘਰ ਤੀਕ, ਰਿੰਕੂ ਦੇ ਘਰ ਤੋਂ ਪਾਲ ਸਿੰਘ ਦੇ ਘਰ ਤੀਕ, ਤੋਂ ਲਸੂੜੀ ਵਾਲੇ ਬਾਬੇ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 2 (ਅਨੁਸੂਚਿਤ ਜਾਤੀ ਦੇ ਮੈਂਬਰ ਲਈ ਰਾਖਵਾਂ)

ਨਗਰ ਕੌਂਸਲ ਦੀ ਉੱਤਰੀ ਹੱਦ ਅਤੇ ਗਲੀ ਦਇਆਨੰਦ ਆਦਰਸ਼ ਵਿਦਿਆਲਿਆ ਦਸੂਹਾ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਦਇਆਨੰਦ ਆਦਰਸ਼ ਵਿਦਿਆਲਿਆ ਨਾਲ ਚੱਲਦੇ ਹੋਏ ਗਲੀ ਜਸਪਾਲ ਸਿੰਘ ਵਾਲੀ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਐਕਸ ਐਮ.ਸੀ. ਰਾਣਾ ਜੀ ਦੇ ਘਰ ਤੋਂ ਬਾਹਰ ਬਾਹਰ ਹੱਦ ਤੋਂ ਮਦਨ ਲਾਲ ਸੱਤਿਆ ਨਰਾਇਣ ਮੰਦਿਰ ਵਾਲਾ ਪਾਸਾ ਚੱਲਦੇ ਹੋਏ ਪੱਪੀ ਬਿਸਤਰ ਭੰਡਾਰ ਤੀਕ, ਤੋਂ ਬਾਹਰਲਾ ਪਾਸਾ ਚੱਲਦੇ ਹੋਏ ਬਾਲਮੀਕ ਪਾਰਕ ਵਾਲਾ ਪਾਸਾ ਤੋਂ ਚੱਲਦੇ ਹੋਏ ਗਲੀ ਗੱਗੀ ਦੀ ਚੱਕੀ ਵਾਲੀ ਤੋਂ ਚੱਲਦੇ ਹੋਏ ਮਿਆਣੀ ਰੋਡ ਪ੍ਰਿੰਸ ਡਿਪਾਰਟਮੈਂਟਲ ਵਾਲਾ ਪਾਸਾ ਕੈਂਥਾਂ ਮਹਿੰਗੀ ਹਸਪਤਾਲ ਵਾਲਾ ਪਾਸਾ ਤੋਂ ਚੱਲਦੇ ਹੋਏ ਡਾਕਟਰ ਬਲਵੰਤ ਸਿੰਘ ਦੀ ਹਵੇਲੀ ਵਾਲਾ ਪਾਸਾ ਤੋਂ ਚੱਲਦੇ ਹੋਏ ਕੱਚਾ ਰੋਡ ਟਰੀਟਮੈਂਟ ਪਲਾਂਟ ਤੀਕ, ਤੋਂ ਚੱਲਦੇ ਹੋਏ ਗੁਰੂ ਨਾਨਕ ਮਾਰਕਿਟ ਦੇ ਬਾਹਰਲੇ ਪਾਸੇ ਤੋਂ ਲੈਫਟੀਨੈਂਟ ਹਰਦੇਵ ਪਾਲ ਨਈਅਰ ਰੋਡ ਤੀਕ, ਤੋਂ ਚੱਲਦੇ ਹੋਏ ਬਾਲਮੀਕ ਗਲੀ ਤੀਕ, ਜੋਗਿੰਦਰ ਪਾਲ ਨਿੱਕੂ ਦੇ ਘਰ ਵਾਲੇ ਪਾਸੇ ਤੋਂ ਬਾਬੂ ਰਾਮ ਦੇ ਸਾਹਮਣੇ ਵਾਲਾ ਪਾਸਾ ਤੋਂ ਚੱਲਦੇ ਹੋਏ ਬਾਲਮੀਕ ਮੁਹੱਲਾ ਗਲੀ ਤੋਂ ਬਾਹਰ ਰੋਡ ਤੋਂ ਮਹਾਜਨਾ ਦੀ ਗਲੀ ਤੀਕ, ਤੋਂ ਚੱਲਦੇ ਹੋਏ ਸ਼ਹੀਦ ਪਰਸ਼ੋਤਮ ਲਾਲ ਬਿੱਟੂ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਮਰਾਸਗੜ੍ਹ ਤੋਂ ਮਹਾਜਨਾ ਮੁਹੱਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼੍ਰੀ ਕ੍ਰਿਸ਼ਨ ਕੁਮਾਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਹਾਜਨਾ ਮੁਹੱਲਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਲਸੂੜੀ ਵਾਲਾ ਬਾਬਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 3 (ਇਸਤਰੀ ਮੈਂਬਰ ਲਈ ਰਾਖਵਾਂ)

ਜੀ.ਟੀ. ਰੋਡ ਪੂਰਵ ਤੋਂ ਪੱਛਮ ਵੱਲ ਜਾਂਦੇ ਹੋਏ ਪੂਰੀ ਸਾਈਕਲਾਂ ਵਾਲੇ ਦੀ ਦੁਕਾਨ ਤੋਂ ਫਾਟਕ ਪਾਰ ਕਰਕੇ ਸਟੇਟ ਬੈਂਕ ਤੋਂ ਧਰਮਪਾਲ ਲੋਹੇ ਵਾਲੇ ਦੀ ਦੁਕਾਨ, ਡਾਕਖਾਨਾ ਰੋਡ ਡਾ. ਵਿਨੋਦ ਦੀ ਦੁਕਾਨ ਤੋਂ ਖਾਲਸਾ ਚੁਨੀਆਂ ਵਾਲਾ ਤੋਂ ਯਸ਼ਪਾਲ ਕਰਿਆਨਾ ਸਟੋਰ ਤੀਕ, ਤੋਂ ਸਪੋਰਟਕਿੰਗ ਸ਼ੋਰੂਮ ਤੋਂ ਐਸ.ਟੂ ਫਾਸਟ ਫੂਡ ਤੋਂ ਸਬਜ਼ੀ ਮੰਡੀ ਤੋਂ ਹੁੰਦੇ ਹੋਏ ਰੈਡ ਰੋਜ਼ ਸਕੂਲ ਤੋਂ ਸੂਰਜ ਕਾਲਿਆ ਦੀ ਦੁਕਾਨ ਤੋਂ ਮਿਆਣੀ ਰੋਡ ਪੱਛਮ ਤੋਂ ਪੂਰਵ ਵੱਲ ਜਾਂਦੇ ਹੋਏ ਖੱਬੇ ਹੱਥ ਕਰੀਮੀਕਾ ਆਈਸਕ੍ਰੀਮ ਦੀ ਦੁਕਾਨ ਤੋਂ ਬੈਂਕ ਆਫ ਇੰਡਿਆ ਤੋਂ ਸੱਜੇ ਪਾਸੇ ਚੱਲਦੇ ਹੋਏ ਡਾਕਟਰ ਕੇ.ਡੀ. ਦੀ ਗਲੀ ਤੋਂ ਰਜੇਸ਼ ਜੂਸ ਵਾਲਾ ਮਿਆਣੀ ਰੋਡ ਪਾਰ ਕਰਕੇ ਨਈਅਰ ਕਰਿਆਨਾ ਸਟੋਰ ਕਾਹਲੋਂ ਹਾਰਡਵੇਅਰ ਦੇ ਸਾਹਮਣੇ ਨਈਅਰ ਬੈਂਕ ਵਾਲੇ ਦੇ ਘਰ ਤੋਂ ਨਿਰਮਲ ਕਰਿਆਨੇ ਵਾਲੇ ਦੇ ਘਰ ਤੋਂ ਸ਼ੋਰੀ ਘੁਮਿਆਰ ਦਾ ਘਰ ਸੋਹਣੀ ਘੁਮਿਆਰ ਦਾ ਘਰ ਤੀਕ, ਤੋਂ ਬਾਬਾ ਤੁਲਸੀ ਦਾਸ, ਬਾਬਾ ਬਚਨ ਦਾ ਘਰ, ਅਜੀਤ ਕੌਰ ਦਾ ਘਰ ਤੋਂ ਅਨਿਲ ਕੁਮਾਰ ਸਾਨਨ ਤੋਂ ਓਮਾ ਸੀਮੈਂਟ ਵਾਲੇ ਦੀ ਦੁਕਾਨ ਪੁੱਲ ਥੱਲੇ ਤੋਂ ਸੰਤ ਅਰਜਨ ਮਾਡਲ ਸਕੂਲ, ਚਾਵਲਾ ਆਈਸ ਕਰੀਮ ਤੋਂ ਲਾਈਨ ਪਾਰ ਕਰਕੇ ਆਨੰਦ ਸਵੀਟਸ, ਜੀ.ਟੀ. ਰੋਡ ਪਾਰ ਕਰਕੇ ਓਮਾ ਪਾਨ ਵਾਲਾ ਪੁੱਲ ਥੱਲੇ ਟੈਕਸੀ ਸਟੈਂਡ ਬਲੱਗਣ ਚੌਂਕ ਤੋਂ ਉਤਰੀ ਪਾਸੇ ਜਾਂਦੇ ਹੋਏ ਜਲ ਸਪਲਾਈ ਘਰ ਤੋਂ ਪੀ.ਟੀ.ਯੂ. ਸੈਂਟਰ ਤੋਂ ਜੀ.ਟੀ. ਰੋਡ ਪਾਰ ਕਰਕੇ ਮਹਾਜਨ ਕਰਿਆਨਾ ਸਟੋਰ ਤੋਂ ਜੀ.ਟੀ. ਰੋਡ ਪੂਰਵ ਤੋਂ ਪੱਛਮ ਵੱਲ ਜਾਂਦੇ ਹੋਏ ਪੂਰੀ ਸਾਈਕਲਾਂ ਵਾਲੇ ਦੀ ਦੁਕਾਨ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 4

ਨਗਰ ਕੌਂਸਲ ਦੀ ਉਤਰੀ ਹੱਦ ਅਤੇ ਗਲੀ ਮੰਦਿਰ ਠੰਡੀ ਖੂਹੀ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਠੰਡੀ ਖੂਹੀ ਨਾਲ ਚੱਲਦੇ ਹੋਏ ਪ੍ਰਾਇਮਰੀ ਸਕੂਲ ਨੂੰ ਜਾਣ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਗੁਰੂਦੁਆਰਾ ਸਿੰਘ

ਸਭਾ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਲੈਫਟੀਨੈਂਟ ਹਰਦੇਵ ਪਾਲ ਨਈਅਰ ਮਾਰਗ ਤੀਕ, ਫਿਰ ਉਕਤ ਮਾਰਗ ਨਾਲ ਚੱਲਦੇ ਹੋਏ ਗਲੀ ਬੱਬੂ ਦੀ ਹੱਟੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਮਜਾਰ ਬਾਬਾ ਗੁਲਾਬ ਸ਼ਾਹ ਵਾਲੀ ਗਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਸਤਿਆ ਨਰਾਇਣ ਮੰਦਿਰ ਦਾ ਸਾਹਮਣਾ ਪਾਸਾ ਤੋਂ ਰਕੇਸ਼ ਬੱਸੀ ਦੇ ਘਰ ਵੱਲੋਂ ਚੱਲਦੇ ਹੋਏ ਸਾਹਮਣੇ ਗਲੀ ਰਘੂ ਬੱਸੀ ਵਾਲਾ ਸੱਜਾ ਪਾਸਾ ਤੋਂ ਚੱਲਦੇ ਜਸਪਾਲ ਸਿੰਘ ਦਾ ਸਾਹਮਣਾ ਪਾਸਾ ਤੋਂ ਚੱਲਦੇ ਹੋਏ ਡਾਕਟਰ ਰਾਮ ਸਰੂਪ ਵਾਲੀ ਗਲੀ ਤੋਂ ਚੱਲਦੇ ਹੋਏ ਗਲੀ ਦਇਆਨੰਦ ਆਦਰਸ਼ ਵਿਦਿਆਲਿਆ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਉੱਤਰੀ ਹੱਦ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 5 (ਪੱਛੜੀਆਂ ਸ਼੍ਰੇਣੀਆਂ ਦੇ ਮੈਂਬਰ ਲਈ ਰਾਖਵਾਂ)

ਮਿਲਕ ਪਲਾਂਟ ਤੋਂ ਸੱਜੇ ਪਾਸੇ ਚੱਲਦੇ ਹੋਏ ਹਾਜੀਪੁਰ ਰੋਡ ਤੋਂ ਗਲੀ ਸ਼ੰਕਰ ਇਨਕਲੇਵ ਤੀਕ ਤੋਂ ਕੈਂਮਬ੍ਰਿਜ ਸਕੂਲ ਵਾਲੀ ਗਲੀ ਤੀਕ, ਹਰਦੋਥਲਾਂ ਰੋਡ ਤੋਂ ਹੁੰਦੇ ਹੋਏ ਐਂਟਰੀ ਸਾਊਥ ਸਿਟੀ ਗੇਟ ਤੋਂ ਅੰਦਰ ਨੂੰ ਜਾਂਦੇ ਹੋਏ ਬਲਦੇਵ ਰਾਜ ਵਾਲੀ ਗਲੀ ਤੀਕ, ਤੋਂ ਚੱਲਦੇ ਹੋਏ ਮੋਤੀ ਨਗਰ ਤੋਂ ਚੱਲਦੇ ਹੋਏ ਵਕੀਲ ਜਨਕ ਰਾਜ ਦੇ ਘਰ ਤੀਕ, ਤੋਂ ਚੱਲਦੇ ਹੋਏ ਬੰਤਾ ਸਿੰਘ ਕਲੋਨੀ ਤੋਂ ਚੱਲਦੇ ਹੋਏ ਸ਼ਿਵ ਮੰਦਿਰ ਵਾਲਾ ਪਾਸਾ, ਬੰਤਾ ਸਿੰਘ ਕਲੋਨੀ ਦੇ ਬਾਹਰਲੇ ਪਾਸੇ ਤੋਂ ਚੱਲਦੇ ਹੋਏ ਦੁਆਬਾ ਪੀ.ਟੀ.ਸੀ. ਸੈਂਟਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਫੌਜੀ ਬੁੱਕ ਡੀਪੂ ਬਲੱਗਣ ਰੋਡ ਤੀਕ, ਤੋਂ ਦਸੂਹਾ ਹੁਸ਼ਿਆਰਪੁਰ ਰੋਡ ਤੋਂ ਸੱਜੇ ਪਾਸੇ ਚੱਲਦੇ ਹੋਏ ਵੀਰ ਭਾਨ ਦੀ ਦੁਕਾਨ ਤੀਕ, ਵੀਰ ਭਾਨ ਦੀ ਦੁਕਾਨ ਤੋਂ ਹਾਜੀਪੁਰ ਰੋਡ ਤੀਕ, ਤੋਂ ਚੱਲਦੇ ਹੋਏ ਲੈਫਟੀਨੈਂਟ ਹਰਦੇਵ ਪਾਲ ਨਈਅਰ ਰੋਡ ਦਾ ਸੱਜਾ ਪਾਸਾ, ਤੋਂ ਚੱਲਦੇ ਹੋਏ ਪਦਮ ਸੁਨਿਆਰਾ ਦੀ ਦੁਕਾਨ ਤੋਂ ਕਿਸ਼ਨ ਕਰਿਆਨਾ ਸਟੋਰ ਦਾ ਸੱਜਾ ਪਾਸਾ ਚੱਲਦੇ ਹੋਏ ਭਗਵਦ ਧਾਮ ਮੰਦਿਰ ਤੋਂ ਸੱਜੇ ਪਾਸੇ ਚੱਲਦੇ ਹੋਏ ਮਹਾਜਨ ਕਰਿਆਨਾ ਸਟੋਰ ਤੋਂ ਸੱਜਾ ਪਾਸਾ ਚੱਲਦੇ ਹੋਏ ਮਰੂਤੀ ਅਜੈਂਸੀ ਦਾ ਸਾਹਮਣਾ ਪਾਸਾ, ਤੋਂ ਚੱਲਦੇ ਹੋਏ ਮਿਲਕ ਪਲਾਂਟ ਦੇ ਸੱਜੇ ਪਾਸੇ ਤੱਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 6 (ਅਨੁਸੂਚਿਤ ਜਾਤੀਆਂ ਦੇ ਮੈਂਬਰਾਂ ਲਈ ਰਾਖਵਾਂ)

ਠੰਡੀ ਖੂਹੀ ਤੋਂ ਚੱਲਦੇ ਹੋਏ ਜੰਗਲਾਤ ਵਿਭਾਗ ਦਫਤਰ ਤੋਂ ਚੱਲਦੇ ਹੋਏ ਬਾਹਰੋਂ ਬਾਹਰ ਵਾਲਾ ਪਾਸਾ ਜੀ.ਟੀ. ਰੋਡ ਕਰਾਸ ਕਰਦੇ ਹੋਏ ਹਾਜੀਪੁਰ ਰੋਡ ਤੀਕ, ਤੋਂ ਹਾਜੀਪੁਰ ਰੋਡ ਨਾਲ ਨਾਲ ਚੱਲਦੇ ਹੋਏ ਕੈਂਬਰਿਜ ਸਕੂਲ ਵਾਲੀ ਗਲੀ ਤੋਂ ਸੱਜੇ ਪਾਸੇ ਚੱਲਦੇ ਹੋਏ ਗੁਰਮਤ ਪ੍ਰਕਾਸ਼ ਗੁਰੂਦੁਆਰਾ ਸਾਹਿਬ ਤੋਂ ਚੱਲਦੇ ਹੋਏ ਜੀ.ਟੀ. ਰੋਡ ਪਾਰ ਕਰਦੇ ਹੋਏ 31 ਨੰਬਰ ਢਾਬਾ ਨਾਲ ਚੱਲਦੇ ਹੋਏ ਮਰੂਤੀ ਅਜੈਂਸੀ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਤਰਸੇਮ ਸਬਜ਼ੀ ਵਾਲੇ ਦੀ ਦੁਕਾਨ ਕਸਬਾ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਕਿਸ਼ਨ ਕਰਿਆਨਾ ਪੁਰਾਣੀ ਦੁਕਾਨ ਤੀਕ, ਕਿਸ਼ਨ ਕਰਿਆਨਾ ਪੁਰਾਣੀ ਦੁਕਾਨ ਤੋਂ ਚੱਲਦੇ ਹੋਏ ਗੁਰੂਦੁਆਰਾ ਸਾਹਿਬ ਤੋਂ ਸੱਜੇ ਪਾਸੇ ਚੱਲਦੇ ਹੋਏ ਮਹਾਵੀਰ ਮੰਦਿਰ ਵਾਲਾ ਸੱਜਾ ਪਾਸਾ ਤੀਕ, ਤੋਂ ਠੰਡੀ ਖੂਹੀ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 7 (ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਹਰਦੋਥਲਾ ਰੋਡ ਅਤੇ ਨਗਰ ਕੌਂਸਲ ਦੀ ਪੂਰਵੀ ਹੱਦ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਪੂਰਵੀ ਹੱਦ ਨਾਲ ਚੱਲਦੇ ਹੋਏ ਬਲੱਗਣ ਰੋਡ ਤੋਂ ਬਾਬਾ ਫਰੀਦ ਦੀ ਦੁਕਾਨ ਤੀਕ, ਦੁਕਾਨ ਤੋਂ ਚੱਲਦੇ ਹੋਏ ਗਲੀ ਜੋਗਿੰਦਰ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਪਰਮਿੰਦਰ ਕੌਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਹੁਸ਼ਿਆਰਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਬਲੱਗਣ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਬੰਤਾ ਸਿੰਘ ਕਲੋਨੀ ਗੁਪਤਾ ਜਨਰਲ ਸਟੋਰ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸ਼ਿਵ ਮੰਦਿਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੋਤੀ ਨਗਰ ਕਲੋਨੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਰਜਵਿੰਦਰ ਕੌਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮੋਤੀ ਨਗਰ (ਬਲਦੇਵ ਰਾਜ ਦੇ ਮਕਾਨ) ਨੂੰ ਜਾਣ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸਾਊਥ ਸਿਟੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਹਰਦੋਥਲਾ ਰੋਡ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 8

ਕੈਂਥਾਂ ਵੀਰ ਸਿੰਘ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਰੇਲਵੇ ਲਾਈਨ ਕਰਾਸ ਕਰਕੇ ਜੀ.ਟੀ. ਰੋਡ ਕਰਾਸ ਕਰਕੇ ਮੀਨੂੰ ਆਟੋਮੋਬਾਈਲ ਤੀਕ, ਤੋਂ ਹੁਸ਼ਿਆਰਪੁਰ ਰੋਡ ਚੌਪੜਾ ਮਾਲ ਤੀਕ, ਤੋਂ ਦਸੂਹਾ ਹੁਸ਼ਿਆਰਪੁਰ ਰੋਡ ਸਿਵਲ ਹਸਪਤਾਲ ਵਾਲਾ ਸੱਜਾ ਪਾਸਾ, ਤੋਂ ਕਾਲੀ ਮਾਤਾ ਮੰਦਿਰ ਤੀਕ, ਤੋਂ ਦਾਣਾ ਮੰਡੀ ਰੋਡ ਤੋਂ ਹੁੰਦੇ ਹੋਏ ਸੇਠੀ ਸੈਨੇਟਰੀ ਸਟੋਰ ਤੀਕ, ਫਿਰ ਐਸ.ਡੀ.ਐਮ. ਚੌਂਕ ਤੋਂ ਚੱਲਦੇ ਹੋਏ ਜੀ.ਟੀ. ਰੋਡ ਅਮਰੀਕ ਸਿੰਘ ਦੀ ਦੁਕਾਨ ਤੀਕ, ਅਮਰੀਕ ਸਿੰਘ ਦੀ ਦੁਕਾਨ ਤੋਂ ਸੱਜੇ ਪਾਸੇ ਚੱਲਦੇ ਹੋਏ ਰੇਲਵੇ

ਫਾਟਕ ਕਰਾਸ ਕਰਕੇ ਬਿੱਟੀ ਦੇ ਘਰ ਤੀਕ, ਬਿੱਟੀ ਦੇ ਘਰ ਤੋਂ ਨਾਲ-ਨਾਲ ਚੱਲਦੇ ਹੋਏ ਭੂਰੀ ਦੇ ਘਰ ਤੀਕ, ਭੂਰੀ ਦੇ ਘਰ ਤੋਂ ਭਿੰਦਰ ਦੇ ਘਰ ਵਾਲਾ ਪਾਸਾ ਤੋਂ ਲਿਟਲ ਫਲਾਵਰ ਸਕੂਲ ਦੇ ਦੂਜੇ ਗੇਟ ਤੋਂ ਚੱਲਦੇ ਹੋਏ ਤਰਸੇਮ ਰੱਤੀ ਦੇ ਘਰ ਵਾਲਾ ਪਾਸਾ ਤੋਂ ਚੱਲਦੇ ਹੋਏ ਜੱਸੀ ਕਰਿਆਨਾ ਸਟੋਰ ਤੀਕ, ਤੋਂ ਚੱਲਦੇ ਹੋਏ ਰੇਲਵੇ ਸਟੇਸ਼ਨ ਤੀਕ, ਤੋਂ ਚੱਲਦੇ ਹੋਏ ਕੈਂਥਾਂ ਵੀਰ ਸਿੰਘ ਦੇ ਘਰ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 9 (ਇਸਤਰੀ ਮੈਂਬਰ ਲਈ ਰਾਖਵਾਂ)

ਹੁਸ਼ਿਆਰਪੁਰ ਰੋਡ ਅਤੇ ਗਲੀ ਪਰਮਿੰਦਰ ਕੌਰ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਗਲੀ ਪਰਮਿੰਦਰ ਕੌਰ ਤੋਂ ਚੱਲਦੇ ਹੋਏ ਗਲੀ ਅਰਜੁਨਾ ਕਲੌਨੀ (ਗੁਰਦੇਵ ਰਾਣਾ ਦੇ ਮਕਾਨ ਦਾ ਸਾਹਮਣਾ ਪਾਸਾ) ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਬਲੱਗਣ ਰੋਡ ਬਾਬਾ ਫਰੀਦ ਹਸਪਤਾਲ ਵਾਲਾ ਪਾਸਾ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਨਗਰ ਕੌਂਸਲ ਦੀ ਪੂਰਵੀ ਹੱਦ ਤੀਕ, ਫਿਰ ਉਕਤ ਹੱਦ ਨਾਲ ਚੱਲਦੇ ਹੋਏ ਸੱਗਲ ਰੋਡ ਨੂੰ ਪਾਰ ਕਰਕੇ ਪੂਰਵੀ ਹੱਦ ਨਾਲ ਚੱਲਦੇ ਹੋਏ ਹੁਸ਼ਿਆਰਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ (ਏਰੀਆ ਜੰਗਲਾਤ) ਭੱਠਾ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਸੱਗਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਜੀ.ਟੀ.ਬੀ. ਕਾਲਜ ਵਾਲਾ ਸੱਜਾ ਪਾਸਾ ਤੋਂ ਹੁਸ਼ਿਆਰਪੁਰ ਰੋਡ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 10

ਗਲੀ ਟਿਊਬਵੈਲ ਵਾਲੀ ਅਤੇ ਦਾਣਾ ਮੰਡੀ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਦਾਣਾ ਮੰਡੀ ਰੋਡ ਨਾਲ ਚੱਲਦੇ ਹੋਏ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਨੂੰ ਪਾਰ ਕਰਦੇ ਹੋਏ ਸੱਗਲ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਭੱਠਾ ਰੋਡ ਜਗਜੀਤ ਸਿੰਘ ਦੇ ਘਰ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਹੁਸ਼ਿਆਰਪੁਰ ਚੰਡੀਗੜ੍ਹ ਰੋਡ ਨੂੰ ਪਾਰ ਕਰਦੇ ਹੋਏ ਨਿਹਾਲਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਕਹਿਰਵਾਲੀ ਕਲੋਨੀ ਰੋਡ ਤੀਕ, ਕਹਿਰਵਾਲੀ ਕਲੋਨੀ ਰੋਡ ਤੋਂ ਸ਼ਮਸ਼ਾਨ ਘਾਟ ਵਾਲਾ ਸਾਹਮਣਾ ਪਾਸਾ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੋਂ ਹੁੰਦੇ ਹੋਏ ਗਲੀ ਸੱਤਪਾਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਨਜੀਤ ਕੌਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਪਾਨੀ ਕਲੌਨੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਟਿਊਬਵੈਲ ਵਾਲੀ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 11 (ਅਨੁਸੂਚਿਤ ਜਾਤੀਆਂ ਦੇ ਇਸਤਰੀ ਮੈਂਬਰਾਂ ਲਈ ਰਾਖਵਾਂ)

ਜਲੰਧਰ-ਜੰਮੂ ਰੋਡ ਅਤੇ ਦਾਣਾ ਮੰਡੀ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਦਾਣਾ ਮੰਡੀ ਰੋਡ ਨਾਲ ਚੱਲਦੇ ਹੋਏ ਗਲੀ ਟਿਊਬਵੈਲ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਜਪਾਨੀ ਕਲੌਨੀ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਮਨਜੀਤ ਕੌਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਗਲੀ ਸੱਤਪਾਲ ਸਿੰਘ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੋਂ ਹੁੰਦੇ ਹੋਏ ਕਹਿਰਵਾਲੀ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਧਰਮਪੁਰ ਵਾਲੀ ਤੀਕ, ਫਿਰ ਉਕਤ ਗਲੀ ਨਾਲ ਚੱਲਦੇ ਹੋਏ ਧਰਮਪੁਰ-ਨਿਹਾਲਪੁਰ ਰੋਡ ਵਾਲਾ ਸੱਜਾ ਪਾਸਾ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਆਟਾ ਚੱਕੀ ਤੋਂ ਜਲੰਧਰ-ਜੰਮੂ ਰੋਡ ਦਾ ਸੱਜਾ ਪਾਸਾ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 12

ਲੰਗਰਪੁਰ ਰੋਡ ਅਤੇ ਜਲੰਧਰ-ਜੰਮੂ ਰੋਡ ਦੇ ਮਿਲਣ ਦੇ ਸਥਾਨ ਤੋਂ ਅਰੰਭ ਕਰਕੇ ਜਲੰਧਰ-ਜੰਮੂ ਰੋਡ ਨੂੰ ਪਾਰ ਕਰਦੇ ਹੋਏ ਧਰਮਪੁਰ-ਨਿਹਾਲਪੁਰ ਰੋਡ ਤੀਕ, ਫਿਰ ਉਕਤ ਰੋਡ ਨਾਲ ਚੱਲਦੇ ਹੋਏ ਗਲੀ ਧਰਮਪੁਰ ਲਾਡੀ ਇਲੈਕਟ੍ਰੀਕਲ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਸਾਹਮਣੇ ਕਹਿਰਵਾਲੀ ਕਲੋਨੀ ਗੁਰੂ ਨਾਨਕ ਪਬਲਿਕ ਸਕੂਲ ਤੋਂ ਸ਼ਮਸ਼ਾਨ ਘਾਟ ਕਹਿਰਵਾਲੀ ਤੋਂ ਨਿਹਾਲਪੁਰ ਰੋਡ ਪਾਰ ਕਰਦੇ ਹੋਏ ਹੁਸ਼ਿਆਰਪੁਰ-ਚੰਡੀਗੜ੍ਹ ਰੋਡ ਤੋਂ ਚੱਲਦੇ ਹੋਏ ਖੈਰਾਕੋਟਲੀ ਰੋਡ ਤੋਂ ਚੱਲਦੇ ਹੋਏ ਜਲੰਧਰ-ਜੰਮੂ ਰੋਡ ਤੀਕ, ਤੋਂ ਚੱਲਦੇ ਹੋਏ ਸਵਰਾਜ ਅਜੰਸੀ ਖੱਬਾ ਪਾਸਾ ਚੱਲਦੇ ਫਾਟਕ ਪਾਰ ਕਰਦੇ ਹੋਏ ਸਰਕਾਰੀ ਸਕੂਲ ਤੋਂ ਖੱਬੇ ਪਾਸੇ ਚੱਲਦੇ ਹੋਏ ਲੰਗਰਪੁਰ-ਡੁਗਰੀ ਰੋਡ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਕੱਚਾ ਰੋਡ ਟਰੀਟਮੈਂਟ ਪਲਾਂਟ ਤੋਂ ਲੰਗਰਪੁਰ ਰੋਡ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 13 (ਇਸਤਰੀ ਮੈਂਬਰਾਂ ਲਈ ਰਾਖਵਾਂ)

ਲੰਗਰਪੁਰ ਪ੍ਰੀਤਮ ਸਿੰਘ ਦੇ ਘਰ ਤੋਂ ਗੁਰੂਦੁਆਰਾ ਸਾਹਿਬ ਵਾਲਾ ਪਾਸਾ ਤੋਂ ਸੱਜੇ ਪਾਸੇ ਚੱਲਦੇ ਹੋਏ ਦੁੱਗਲ ਪੋਲਟਰੀ ਫਾਰਮ ਤੋਂ ਟਰੀਟਮੈਂਟ ਪਲਾਂਟ ਦੇ ਕੱਚੇ ਰਸਤੇ ਤੋਂ ਚੱਲਦੇ ਹੋਏ ਮਜਾਰ ਪੀਰ ਬਾਬਾ ਦਾ ਸਾਹਮਣਾ ਪਾਸਾ, ਤੋਂ ਚੱਲਦੇ ਹੋਏ

ਸ਼ੇਰ ਸਿੰਘ ਦੇ ਘਰ ਵਾਲਾ ਪਾਸਾ ਤੋਂ ਚਲਦੇ ਹੋਏ ਡਾਕਟਰ ਬਲਵੰਤ ਸਿੰਘ ਦੀ ਹਵੇਲੀ ਦਾ ਸਾਹਮਣਾ ਪਾਸਾ, ਤੋਂ ਚੱਲਦੇ ਹੋਏ ਭਜਨ ਸਿੰਘ ਦੀ ਦੁਕਾਨ ਤੀਕ, ਭਜਨ ਸਿੰਘ ਦੀ ਦੁਕਾਨ ਦੇ ਨਾਲ ਚੱਲਦੇ ਹੋਏ ਸੁਲੱਖਣ ਕਰਿਆਨਾ ਵਾਲਾ ਸੱਜਾ ਪਾਸਾ, ਫਿਰ ਸੁਲੱਖਣ ਕਰਿਆਨਾ ਵਾਲਾ ਦੇ ਸਾਹਮਣੇ ਤੋਂ ਚੱਲਦੇ ਹੋਏ ਸ਼ਰਨਜੀਤ ਸਿੰਘ ਦੇ ਘਰ ਤੀਕ, ਤੋਂ ਸੱਜਾ ਪਾਸਾ ਚੱਲਦੇ ਹੋਏ ਛਿੰਦਾ ਆੜਤੀਆ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਰਾਜ ਕੁਮਾਰ ਦਰਜੀ ਦੀ ਦੁਕਾਨ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਡਾਕਟਰ ਭਗਵਾਨ ਸਿੰਘ ਦੇ ਘਰ ਤੀਕ, ਡਾਕਟਰ ਭਗਵਾਨ ਸਿੰਘ ਦੇ ਘਰ ਤੋਂ ਚੱਲਦੇ ਹੋਏ ਬਾਲਮੀਕ ਮੰਦਿਰ ਵਾਲਾ ਸੱਜਾ ਪਾਸਾ, ਤੋਂ ਸੱਜੇ ਪਾਸੇ ਚੱਲਦੇ ਹੋਏ ਧਰਮਪਾਲ ਬਿਜਲੀ ਵਾਲੇ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਲੰਗਰਪੁਰ ਪੀਰਾਂ ਦੀ ਜਗ੍ਹਾ ਤੀਕ, ਤੋਂ ਜਸਵੀਰ ਸਿੰਘ ਪਾਲ ਦੇ ਘਰ ਤੀਕ, ਤੋਂ ਭੁਰੀ ਦੇ ਘਰ ਦੇ ਸਾਹਮਣੇ ਵਾਲਾ ਪਾਸਾ ਤੋਂ ਹੁੰਦੇ ਹੋਏ ਪ੍ਰੀਤਮ ਸਿੰਘ ਦੇ ਘਰ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 14

ਮੇਜਰ ਸਿੰਘ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਬਾਜਵਾ ਕਲੋਨੀ ਤੀਕ, ਤੋਂ ਸ਼ਸ਼ੀ ਪੁਰੀ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਅਸ਼ੋਕ ਦੇ ਘਰ ਤੀਕ, ਤੋਂ ਰਾਜੂ ਰੱਤੀ ਵਾਲਾ ਪਾਸਾ ਤੋਂ ਹੰਸੂ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਕੈਲਾਸ਼ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਸ਼ਾਮ ਲਾਲ ਦੇ ਘਰ ਤੋਂ ਜਸਵੀਰ ਹਲਵਾਈ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਮਾਸਟਰ ਨਰੇਸ਼ ਬੀਜਾਂ ਵਾਲੇ ਦੇ ਪੁਰਾਣੇ ਘਰ ਤੀਕ, ਤੋਂ ਚੱਲਦੇ ਹੋਏ ਪੱਪੀ ਕਰਿਆਨਾ ਦੀ ਦੁਕਾਨ ਤੋਂ ਸੱਜੇ ਪਾਸੇ ਚੱਲਦੇ ਹੋਏ ਸਮੁੰਦਰੀ ਕਰਿਆਨਾ ਵਾਲਾ ਪਾਸਾ ਤੋਂ ਬਾਲੀ ਕਰਿਆਨਾ ਸਟੋਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਪੰਕਜ ਕਢਾਈ ਵਾਲੇ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਬਾਜੀਗਰ ਮੁਹੱਲਾ ਸੱਜਾ ਪਾਸਾ ਤੋਂ ਮੇਜਰ ਸਿੰਘ ਦੇ ਘਰ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਵਾਰਡ ਨੰਬਰ 15 (ਇਸਤਰੀ ਮੈਂਬਰਾਂ ਲਈ ਰਾਖਵਾਂ)

ਪਿੰਡੀਦਾਸ ਸਕੂਲ ਤੋਂ ਮਿਆਣੀ ਰੋਡ ਨੂੰ ਚੱਲਦੇ ਹੋਏ ਕੈਂਥਾਂ ਦੀ ਪੁਲੀ ਤੋਂ ਸੱਜਾ ਪਾਸਾ ਚੱਲਦੇ ਹੋਏ ਸ਼ੇਰਾਂ ਵਾਲੀ ਕੁਟੀਆ ਵਾਲਾ ਪਾਸਾ ਤੋਂ ਚੱਲਦੇ ਹੋਏ ਰਾਧਾ ਕ੍ਰਿਸ਼ਨ ਮੰਦਿਰ ਵਾਲਾ ਪਾਸਾ, ਤੋਂ ਰਾਜਵੀਰ ਕਲਾਥ ਹਾਊਸ ਤੋਂ ਸੱਜੇ ਪਾਸੇ ਚੱਲਦੇ ਹੋਏ ਰਾਜਵੀਰ ਕਲਾਥ ਹਾਊਸ ਤੋਂ ਸੱਜੇ ਪਾਸੇ ਚੱਲਦੇ ਹੋਏ ਕੈਲਾਸ਼ ਡੋਗਰਾ ਦੇ ਘਰ ਤੀਕ, ਤੋਂ ਸੱਜੇ ਪਾਸੇ ਚੱਲਦੇ ਹੋਏ ਜੋਗਿੰਦਰ ਦੀ ਦੁਕਾਨ ਤੀਕ, ਤੋਂ ਸਾਹਮਣਾ ਪਾਸਾ ਚੱਕੀ ਵਾਲਾ ਤੋਂ ਲੈ ਕੇ ਅਰੋੜਾ ਰੈਡੀਮੇਡ ਦੀ ਦੁਕਾਨ ਵਾਲਾ ਸੱਜਾ ਪਾਸਾ ਤੋਂ ਸੁਲੱਖਣ ਕਰਿਆਨਾ ਦੀ ਦੁਕਾਨ ਤੀਕ, ਨਾਲ ਸੱਜੇ ਪਾਸੇ ਚੱਲਦੇ ਹੋਏ ਭਜਨ ਕਰਿਆਨਾ ਦੀ ਦੁਕਾਨ ਤੀਕ ਤੋਂ ਡਾਕਟਰ ਬਲਵੰਤ ਸਿੰਘ ਦੇ ਘਰ ਤੀਕ, ਫਿਰ ਡਾਕਟਰ ਬਲਵੰਤ ਸਿੰਘ ਦੀ ਹਵੇਲੀ ਤੋਂ ਲੈ ਕੇ ਕੱਚੇ ਰੋਡ ਤੀਕ, ਕੱਚੇ ਰੋਡ ਤੋਂ ਹੁੰਦੇ ਹੋਏ ਡਾਕਟਰ ਬਲਵੰਤ ਦੇ ਘਰ ਤੋਂ ਸੱਜੇ ਪਾਸੇ ਚੱਲਦੇ ਹੋਏ ਪਿੰਡੀਦਾਸ ਸਕੂਲ ਤੀਕ, ਅਰਥਾਤ ਜਿੱਥੋਂ ਅਰੰਭ ਕੀਤਾ ਸੀ।

ਸਹੀ/-

ਤੇਜਵੀਰ ਸਿੰਘ, ਆਈ.ਏ.ਐਸ,

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ

ਸਥਾਨਕ ਸਰਕਾਰ ਵਿਭਾਗ

ਮਿਤੀ 1 ਦਸੰਬਰ, 2025

3573/12-2025/Pb. Govt. Press, S.A.S. Nagar